ਲਾਤਵੀਆ

# ਮੇਰਾ ਨਿੱਜੀ ਡੇਟਾ EURODAC ਨੂੰ ਕਿਉਂ ਭੇਜਿਆ ਜਾਂਦਾ ਹੈ?

ਟਾਈਪ B

**ਤੀਜੇ ਦੇਸ਼ ਦੇ ਨਾਗਰਿਕ ਬਾਹਰੀ ਬਾਰਡਰ ਦੇ ਗਲਤ ਤਰੀਕੇ ਨਾਲ ਪਾਰ ਕਰਦੇ ਹੋਏ ਫੜੇ ਜਾਣ ਦੇ ਸੰਬੰਧ ਵਿੱਚ**



PUNJABI

## ਮੈਨੂੰ ਇਹ ਬਰੋਸ਼ਰ ਕਿਉਂ ਦਿੱਤਾ ਗਿਆ ਹੈ?

ਤੁਸੀਂ ਬਿਨਾਂ ਇਜਾਜ਼ਤ ਦੇ ਇੱਕ EU+ ਦੇਸ਼ ਦੀ ਬਾਹਰੀ ਬਾਰਡਰ ਪਾਰ ਕਰਦੇ ਹੋਏ ਪਾਏ ਗਏ ਸੀ।

ਇਹ ਬਰੋਸ਼ਰ ਅਥਾਰਿਟੀਜ਼ ਦੁਆਰਾ ਸਟੋਰ ਕੀਤੇ ਜਾਣ ਵਾਲੇ ਡੇਟਾ ਅਤੇ ਕਿੰਨੇ ਸਮੇਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਮੈਨੂੰ ਆਪਣੇ ਫਿੰਗਰਪ੍ਰਿੰਟ ਅਤੇ ਫ਼ੋਟੋਗ੍ਰਾਫ ਕਿਉਂ ਦੇਣੇ ਪੈਣਗੇ?

ਇਸ ਦੇਸ਼ ਦੇ ਅਥਾਰਿਟੀਜ਼ ਤੁਹਾਡੇ ਫਿੰਗਰਪ੍ਰਿੰਟਸ ਅਤੇ ਫੋਟੋ ਲੈਣਗੇ। ਇਹ ਡੇਟਾ, ਤੁਹਾਡੀ ਪਛਾਣ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਨਾਲ, Eurodac ਡੇਟਾਬੇਸ ਵਿੱਚ ਟ੍ਰਾਂਸਮਿਟ ਕੀਤਾ ਜਾਵੇਗਾ।

Eurodac ਕੁਝ ਸ਼੍ਰੇਣੀਆਂ ਦੇ ਲੋਕਾਂ ਨੂੰ ਜੋ ਕਿਸੇ EU+ ਦੇਸ਼ ਦੇ ਨਾਗਰਿਕ ਨਹੀਂ ਹਨ, ਉਹਨਾਂ ਦੇ ਫਿੰਗਰਪ੍ਰਿੰਟਸ ਅਤੇ ਫੋਟੋ ਦੇ ਵਿਲੱਖਣ ਸੈੱਟ ਨਾਲ ਜੋੜਦਾ ਹੈ।

ਇਹ ਡੇਟਾਬੇਸ 31 EU+ ਦੇਸ਼ਾਂ ਦੁਆਰਾ ਵਰਤਿਆ ਜਾਂਦਾ ਹੈ ਜੋ ਤੁਹਾਡੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਡੇਟਾ ਦੀ ਪ੍ਰੋਸੈਸ ਕਰ ਸਕਦੇ ਹਨ। ਇਸ ਬਰੋਸ਼ਰ ਦੇ ਅੰਤ ਵਿੱਚ EU+ ਦੇਸ਼ ਸੂਚੀਬੱਧ ਕੀਤੇ ਹਨ।

**ਹੁਣ ਤੁਸੀਂ ਲਾਤਵੀਆ ਵਿੱਚ ਹੋ, ਜੋ ਕਿ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

4 ਹੋਰ ਦੇਸ਼ ਹਨ: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

## Eurodac ਵਿੱਚ ਕਿਹੜੀ ਜਾਣਕਾਰੀ ਸਟੋਰ ਕੀਤੀ ਜਾਂਦੀ ਹੈ?



ਹੇਠ ਲਿਖੀ ਜਾਣਕਾਰੀ ਹਮੇਸ਼ਾ ਸਟੋਰ ਕੀਤੀ ਜਾਂਦੀ ਹੈ:

- ਤੁਹਾਡੇ ਫਿੰਗਰਪ੍ਰਿੰਟ
- ਤੁਹਾਡੇ ਚਿਹਰੇ ਫ਼ੋਟੋਗ੍ਰਾਫ
- ਸਾਰੇ ਨਾਮ ਜੋ ਤੁਸੀਂ ਹੁਣ ਵਰਤਦੇ ਹੋ ਜਾਂ ਪਹਿਲਾਂ ਵਰਤੇ ਰਹੇ ਹੋ
- ਤੁਹਾਡੀ ਜਨਮ ਮਿਤੀ
- ਤੁਹਾਡਾ ਜਨਮ ਸਥਾਨ
- ਤੁਹਾਡੀ ਕੌਮੀਅਤ ਜਾਂ ਰਾਸ਼ਟਰੀਅਤਾ
- ਤੁਹਾਡਾ ਲਿੰਗ
- ਪਛਾਣ ਜਾਂ ਯਾਤਰਾ ਦਸਤਾਵੇਜ਼ਾਂ ਦੀਆਂ ਕਾਪੀਆਂ ਜੋ ਤੁਸੀਂ ਵਰਤੀਆਂ ਹਨ, ਜਿੱਥੇ ਉਪਲਬਧ ਹੋਣ, ਉਹਨਾਂ ਦੀ ਪ੍ਰਮਾਣਿਕਤਾ ਬਾਰੇ ਜਾਣਕਾਰੀ ਸ਼ਾਮਿਲ ਹੈ
- ਉਸ ਅਫ਼ਸ ਦੀ ਯੂਜ਼ਰ ਆਈਡੀ ਜਿਸਨੇ ਤੁਹਾਡੇ ਫਿੰਗਰਪ੍ਰਿੰਟ ਅਤੇ ਫ਼ੋਟੋਗ੍ਰਾਫ ਲਈ ਸੀ ਅਤੇ ਉਹ ਮਿਤੀਆਂ ਜਦੋਂ ਤੁਹਾਡਾ ਡੇਟਾ ਲਿਆ ਅਤੇ ਟ੍ਰਾਂਸਮਿਟ ਕੀਤਾ ਗਿਆ ਸੀ
- ਉਹ ਜਗ੍ਹਾ ਅਤੇ ਮਿਤੀ ਜਦੋਂ ਤੁਹਾਨੂੰ ਬਿਨਾਂ ਇਜਾਜ਼ਤ ਦੇ ਬਾਰਡਰ ਪਾਰ ਕਰਦੇ ਫੜਿਆ ਗਿਆ ਸੀ।

ਹੇਠ ਲਿਖੀ ਜਾਣਕਾਰੀ Eurodac ਵਿੱਚ ਵੀ ਸਟੋਰ ਕੀਤੀ ਜਾਵੇਗੀ ਜਿੱਥੇ ਲੋੜ ਹੋਵੇ:

- ਇਸ ਬਾਰੇ ਜਾਣਕਾਰੀ ਕਿ ਕੀ ਤੁਸੀਂ ਸਵੈ-ਇੱਛਾ ਨਾਲ ਆਪਣੇ ਦੇਸ਼ ਵਾਪਸ ਜਾਣ ਦੀ ਪੇਸ਼ਕਸ਼ ਸਵੀਕਾਰ ਕੀਤੀ ਸੀ
- ਕਿਸੇ ਵੀ ਸਮੇਂ ਜਦੋਂ ਤੁਸੀਂ ਆਪਣੇ ਦੇਸ਼ ਵਾਪਸ ਆਏ ਸੀ ਜਾਂ ਤਾਂ ਤੁਹਾਡੇ ਆਪਣੇ ਫੈਸਲੇ ਨਾਲ ਜਾਂ ਜੇਕਰ ਤੁਹਾਨੂੰ ਅਥਾਰਿਟੀਜ਼ ਦੁਆਰਾ ਹਟਾ ਦਿੱਤਾ ਗਿਆ ਸੀ
- ਜੇਕਰ ਤੁਹਾਨੂੰ ਪੁਨਰਵਾਸ ਲਈ ਚੁਣਿਆ ਜਾਂਦਾ ਹੈ, ਤਾਂ ਪੁਨਰਵਾਸ ਦਾ EU+ ਦੇਸ਼।

ਤੁਹਾਨੂੰ Eurodac ਵਿੱਚ ਸਟੋਰ ਕੀਤੀ ਗਈ ਗਲਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸੋਧਣ ਦਾ ਅਧਿਕਾਰ ਹੈ ਅਤੇ ਜੇਕਰ ਇਸਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਆਪਣੀ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰਨ ਦਾ ਵੀ ਅਧਿਕਾਰ ਹੈ। ਤੁਸੀਂ ਅਜਿਹਾ ਕਰਨ ਲਈ ਡੇਟਾ ਕੰਟਰੋਲਰ ਨਾਲ ਸੰਪਰਕ ਕਰ ਸਕਦੇ ਹੋ। ਡੇਟਾ ਕੰਟਰੋਲਰ ਦੇ ਸੰਪਰਕ ਵੇਰਵੇ '**Eurodac ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ**' ਸਿਰਲੇਖ ਵਾਲੇ ਬਰੋਸ਼ਰ ਵਿੱਚ ਮਿਲ ਸਕਦੇ ਹਨ।

## ਮੇਰਾ ਨਿੱਜੀ ਡੇਟਾ Eurodac ਵਿੱਚ ਕਿੰਨੇ ਲੰਬੇ ਸਮੇਂ ਤਕ ਸਟੋਰ ਕੀਤਾ ਜਾਵੇਗਾ?



ਤੁਹਾਡੀ ਜਾਣਕਾਰੀ 5 ਸਾਲਾਂ ਲਈ ਸਟੋਰ ਕੀਤੀ ਜਾਵੇਗੀ ਅਤੇ ਫਿਰ ਆਪਣੇ ਆਪ ਮਿਟਾ ਦਿੱਤੀ ਜਾਵੇਗੀ।

ਜੇਕਰ ਤੁਸੀਂ ਇਸ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਕਿਸੇ EU+ ਦੇਸ਼ ਵਿੱਚ ਨਾਗਰਿਕਤਾ ਪ੍ਰਾਪਤ ਕਰਦੇ ਹੋ, ਤਾਂ ਤੁਹਾਡਾ ਡੇਟਾ ਮਿਟਾ ਦਿੱਤਾ ਜਾਵੇਗਾ। ਜੇਕਰ ਤੁਹਾਡਾ ਡੇਟਾ ਮਿਟਾ ਦਿੱਤਾ ਜਾਂਦਾ ਹੈ, ਤਾਂ ਇਹ ਉਸ ਦੇਸ਼ ਵਿੱਚ ਤੁਹਾਡੀ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰੇਗਾ ਜਿੱਥੇ ਤੁਹਾਨੂੰ ਨਾਗਰਿਕਤਾ ਮਿਲੀ ਹੈ।

## ਕੀ Eurodac ਵਿੱਚ ਕੋਈ ਹੋਰ ਜਾਣਕਾਰੀ ਸਟੋਰ ਕੀਤੀ ਗਈ ਹੈ?

ਤੁਹਾਡੀ ਸੁਰੱਖਿਆ ਜਾਂਚ ਦਾ ਨਤੀਜਾ ਸਟੋਰ ਕੀਤਾ ਜਾਵੇਗਾ ਜੇਕਰ ਅਥਾਰਿਟੀਜ਼ ਨੂੰ ਪਤਾ ਲੱਗਦਾ ਹੈ ਕਿ ਤੁਸੀਂ:

- ਹਥਿਆਰ ਰੱਖ ਸਕਦੇ ਹੋ
- ਹਿੰਸਕ ਹੋ ਸਕਦੇ ਹੋ
- ਅੱਤਵਾਦ ਦੇ ਅਪਰਾਧਾਂ ਵਿੱਚ ਸ਼ਾਮਲ ਰਹੇ ਹੋ
- ਇੱਕ ਗੰਭੀਰ ਅਪਰਾਧ ਕੀਤਾ ਹੈ ਜਿਸ ਲਈ ਤੁਹਾਨੂੰ ਕਿਸੇ ਹੋਰ EU+ ਦੇਸ਼ ਵਿੱਚ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਅਜਿਹੇ ਮਾਮਲਿਆਂ ਵਿੱਚ, ਇਹ ਮੰਨਿਆ ਜਾਵੇਗਾ ਕਿ ਤੁਸੀਂ ਅੰਦਰੂਨੀ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦੇ ਹੋ। ਇਸ ਨੂੰ ਉੱਪਰ ਦੱਸੇ ਗਏ ਲਾਗੂ ਕਾਰਨ ਜਾਂ ਕਾਰਨਾਂ ਦੇ ਨਾਲ Eurodac ਵਿੱਚ ਸਟੋਰ ਕੀਤਾ ਜਾਵੇਗਾ।

ਜੇਕਰ EU+ ਦੇਸ਼ ਹੁਣ ਤੁਹਾਨੂੰ ਅੰਦਰੂਨੀ ਸੁਰੱਖਿਆ ਲਈ ਖ਼ਤਰਾ ਨਹੀਂ ਮੰਨਦੇ ਹਨ, ਤਾਂ ਇਹ ਜਾਣਕਾਰੀ ਮਿਟਾ ਦਿੱਤੀ ਜਾਵੇਗੀ।

ਤੁਹਾਨੂੰ Eurodac ਵਿੱਚ ਸਟੋਰ ਕੀਤੀ ਗਈ ਗਲਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸੋਧਣ ਦਾ ਅਧਿਕਾਰ ਹੈ ਅਤੇ ਜੇਕਰ ਇਸਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਆਪਣੀ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰਨ ਦਾ ਵੀ ਅਧਿਕਾਰ ਹੈ। ਤੁਸੀਂ ਅਜਿਹਾ ਕਰਨ ਲਈ ਡੇਟਾ ਕੰਟਰੋਲਰ ਨਾਲ ਸੰਪਰਕ ਕਰ ਸਕਦੇ ਹੋ। ਡੇਟਾ ਕੰਟਰੋਲਰ ਦੇ ਸੰਪਰਕ ਵੇਰਵੇ **'Eurodac ਬਾਰੇ ਤੁਹਾਨੂੰ ਕੀ ਜਾਣਨ ਦੀ ਜਰੂਰਤ ਹੈ'** ਸਿਰਲੇਖ ਵਾਲੇ ਬਰੋਸ਼ਰ ਵਿੱਚ ਮਿਲ ਸਕਦੇ ਹਨ।

ਇਹ ਨੋਟ ਸਿਰਫ਼ ਜਾਣਕਾਰੀ ਦੇਣ ਲਈ ਹੈ। ਇਹ ਆਪਣੇ ਆਪ ਵਿੱਚ ਕੋਈ ਨਵੇਂ ਅਧਿਕਾਰ ਜਾਂ ਜ਼ਿੰਮੇਵਾਰੀਆਂ ਨਹੀਂ ਬਣਾਉਂਦਾ ਹੈ। ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ। © ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025